ਅਜੀਤ
ਬੁੱਧਵਾਰ, 2 ਮਾਰਚ 2016




ਵਾਲੰਟੀਅਰਾਂ ਦੀ ਰੈਲੀ ਨੂੰ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਪ੍ਰਿੰ ਸੁਰਮੁੱਖ ਸਿੰਘ ਅਤੇ ਹੋਰ। ਤਸਵੀਰ: ਸੈਣੀ

# ਬੇਲਾ ਕਾਲਜ ਦੇ ਐਨ.ਐਸ.ਐਸ.ਵਲੰਟੀਅਰਾਂ ਨਸ਼ਿਆਂ ਵਿਰੁੱਧ ਰੈਲੀ ਕੱਢੀ

ਬੇਲਾ, 1 ਮਾਰਚ (ਮਨਜੀਤ ਸਿੰਘ ਸੈਣੀ)-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਦੇ ਐਨ.ਐਸ.ਐਸ ਯੂਨਿਟ ਵੱਲੋਂ 7 ਰੋਜ਼ਾ ਕੈਂਪ ਦੌਰਾਨ ਕਸਬਾ ਬੇਲਾ ਵਿਚ ਨਸ਼ਿਆਂ ਵਿਰੁੱਧ ਰੈਲੀ ਕੱਢੀ ਗਈ। ਇਸ ਰੈਲੀ ਨੂੰ ਕਾਲਜ ਪ੍ਰਬੰਧਕ ਕਮੇਟੀ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਸਕੱਤਰ ਦੇਵਿੰਦਰ ਸਿੰਘ ਜਟਾਣਾ, ਸੀਨੀ.ਮੀਤ ਪ੍ਰਧਾਨ ਸੰਗਤ ਸਿੰਘ ਲੌਂਗੀਆ ਅਤੇ ਪ੍ਰਿੰਸੀਪਲ ਪ੍ਰੋ: ਸੁਰਮੁੱਖ ਸਿੰਘ ਨੇ ਹਰੀ ਝੰਡੀ ਦਿਖਾ ਕੇ ਰਵਾਨਗੀ ਦਿੱਤੀ ਗਈ। ਇਸ ਰੈਲੀ ਦਾ ਮੁੱਖ ਮੰਤਵ ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਰੋਕਣਾ ਅਤੇ ਜਾਗਰੂਕਤਾ ਫੈਲਾਉਣਾ ਸੀ। ਇਸ ਸਮੇਂ ਸੁਖਵਿੰਦਰ ਸਿੰਘ ਵਿਸਕੀ ਨੇ ਕਿਹਾ ਕਿ ਜਿਸ ਦੇਸ਼ ਦੇ ਨੌਜਵਾਨ ਨਸ਼ਿਆਂ ਵਿੱਚ ਫਸੇ ਹੁੰਦੇ ਹਨ ਉਹ ਦੇਸ਼ ਤਬਾਹ ਹੋ ਜਾਂਦਾ। ਦਵਿੰਦਰ ਸਿੰਘ ਜਟਾਣਾ, ਸੰਗਤ ਸਿੰਘ ਲੌਂਗੀਆ ਅਤੇ ਪ੍ਰਿੰਸੀਪਲ ਸੁਰਮੁੱਖ ਸਿੰਘ ਨੇ ਵੀ ਨਸ਼ਿਆਂ ਦੇ ਵਧ ਰਹੇ ਰੁਝਾਨ 'ਤੇ ਚਿੰਤਾ ਪ੍ਰਗਟ ਕੀਤੀ। ਇਸ ਸਮੇਂ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਪ੍ਰੋ.ਪ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਨਾਲ਼ ਪ੍ਰੋ.ਸਤਵੰਤ ਕੌਰ ਸ਼ਾਹੀ, ਪ੍ਰੋ.ਮਮਤਾ ਅਰੋੜਾ, ਡਾ.ਬਲਜੀਤ ਸਿੰਘ, ਡਾ.ਹਰਪ੍ਰੀਤ ਕੌਰ, ਪ੍ਰੋ ਅਮਰਜੀਤ ਸਿੰਘ, ਪ੍ਰੋ ਹਰਪ੍ਰੀਤ ਸਿੰਘ ਭਿਓਰਾ, ਪ੍ਰੋ.ਰਾਜਵੀਰ ਸਿੰਘ, ਮੈਡਮ ਜਸਵੀਰ ਕੌਰ,ਐਨ.ਐਸ.ਐਸ. ਕਲਰਕ ਖਲੀਲ ਮੁਹੰਮਦ ਸਮੇਤ ਸਮੂਹ ਸਟਾਫ ਮੈਬਰ, ਕਮੇਟੀ ਅਹੁਦੇਦਾਰ ਅਤੇ ਵਿਦਿਆਰਥੀ ਮੌਜੂਦ ਸਨ।

Scanned with CamScanner